
# ਪੰਜਾਬੀ ਵਿਆਕਰਨ
# ਅਤੇ
# ਲੇਖ ਰਚਨਾ




–ਜਗਤਾਰ ਸਿੰਘ ਸੋਖੀ
–9417166386

Scanned by CamScanner

# ਸੰਬੰਧਕ

ਸੰਬੰਧਕ: ਉਹ ਸ਼ਬਦ ਜੋ ਨਾਂਵ ਜਾਂ ਪੜਨਾਂਵ ਦੇ ਮਗਰ ਆ ਕੇ ਉਸ ਦਾ ਸੰਬੰਧ ਵਾਕ ਦੀ ਕਿਰਿਆ ਜਾਂ ਕਿਸੇ ਹੋਰ ਸ਼ਬਦ ਨਾਲ਼ ਦੱਸੇ, ਨੂੰ ਸੰਬੰਧਕ ਕਹਿੰਦੇ ਹਨ; ਜਿਵੇਂ - ਮੋਹਨ ਨੇ ਸੁਖਦੇਵ ਨੂੰ ਕਿਤਾਬ ਦਿੱਤੀ। ਇਸ ਵਾਕ ਵਿੱਚ 'ਨੇ' ਅਤੇ 'ਨੂੰ' ਸੰਬੰਧਕ ਸ਼ਬਦ ਹਨ।

ਜਿਹੜਾ ਸ਼ਬਦ ਵਾਕ ਵਿੱਚ ਨਾਂਵ, ਪੜਨਾਂਵ ਜਾਂ ਵਿਸ਼ੇਸ਼ਣ ਸ਼ਬਦਾਂ ਦਾ ਵਾਕ ਦੇ ਦੂਸਰੇ ਸ਼ਬਦਾਂ ਨਾਲ਼ ਸੰਬੰਧ ਪ੍ਰਗਟ ਕਰਨ, ਉਹਨਾਂ ਨੂੰ ਸੰਬੰਧਕ ਕਿਹਾ ਜਾਂਦਾ ਹੈ।

ਜਿਸ ਨਾਂਵ ਜਾਂ ਪੜਨਾਂਵ ਦੇ ਮਗਰ ਸੰਬੰਧਕ ਜਾਂ ਸੰਬੰਧ ਸੂਚਕ ਪਿਛੇਤਰ ਆਉਣ, ਉਸ ਨੂੰ ਸੰਬੰਧੀ ਤੇ ਜਿਸ ਦੂਜੇ ਸ਼ਬਦ ਨਾਲ਼ ਉਸ ਦਾ ਸੰਬੰਧ ਪ੍ਰਗਟ ਕਰਨ, ਉਸ ਨੂੰ ਸੰਬੰਧਮਾਨ ਆਖਦੇ ਹਨ; ਜਿਵੇਂ- ਲਖਵੀਰ ਦਾ ਚਾਚਾ। ਇਸ ਵਾਕ ਵਿੱਚ 'ਲਖਵੀਰ' ਸੰਬੰਧੀ ਅਤੇ 'ਬਾਪੂ' ਸੰਬੰਧਮਾਨ ਹੈ।

ਸੰਬੰਧਕ ਚਾਰ ਪ੍ਰਕਾਰ ਦੇ ਹਨ

1. ਪੂਰਨ ਸੰਬੰਧਕ।
2. ਅਪੂਰਨ ਸੰਬੰਧਕ।
3. ਦੁਵਾਜਰੇ ਸੰਬੰਧਕ।
4. ਸੰਬੰਧ ਸੂਚਕ ਪਿਛੇਤਰ।

1. ਪੂਰਨ ਸੰਬੰਧਕ — ਜਿਹੜੇ ਸ਼ਬਦ ਇਕੱਲੇ ਹੀ ਸੰਬੰਧਕ ਦਾ ਕੰਮ ਕਰਨ, ਉਹਨਾਂ ਨੂੰ ਪੂਰਨ ਸੰਬੰਧਕ ਕਿਹਾ ਜਾਂਦਾ ਹੈ; ਜਿਵੇਂ - ਇਹ ਵਿਨੋਦ ਦੀ ਕਿਤਾਬ ਹੈ। ਇਹ ਸਕੂਟਰ ਹਰਦਿਆਲ ਦਾ ਹੈ। ਇਹਨਾਂ ਵਾਕਾਂ ਵਿੱਚ 'ਦੀ' ਅਤੇ 'ਦਾ' ਪੂਰਨ ਸੰਬੰਧਕ ਹਨ। ਇਸੇ ਤਰ੍ਹਾਂ- ਨੇ, ਨੂੰ, ਤੇ, ਤਕ, ਪਰ ਆਦਿ ਵੀ ਪੂਰਨ ਸੰਬੰਧਕ ਹੁੰਦੇ ਹਨ।

2. ਅਪੂਰਨ ਸੰਬੰਧਕ - ਜਿਹੜੇ ਸ਼ਬਦ ਕਿਸੇ ਪੂਰਨ ਸੰਬੰਧਕ ਨਾਲ਼ ਮਿਲ ਕੇ ਸੰਬੰਧਕ ਬਣਨ, ਉਹਨਾਂ ਨੂੰ ਅਪੂਰਨ ਸੰਬੰਧਕ ਕਿਹਾ ਜਾਂਦਾ ਹੈ; ਜਿਵੇਂ - ਮੇਰਾ ਪਿੰਡ ਤੁਹਾਡੇ ਪਿੰਡ ਤੋਂ ਦੂਰ ਹੈ। ਮੇਰਾ ਸਕੂਲ ਬੱਸ ਅੱਡੇ ਦੇ ਕੋਲ਼ ਹੈ। ਇਹਨਾਂ ਵਾਕਾਂ ਵਿੱਚ 'ਦੂਰ' ਅਤੇ 'ਕੋਲ਼' ਅਪੂਰਨ ਸੰਬੰਧਕ ਹਨ। ਇਸੇ ਤਰ੍ਹਾਂ, - ਨੇੜੇ, ਉੱਤੇ, ਹੇਠਾਂ, ਬਾਹਰ, ਸਾਹਮਣੇ ਆਦਿ ਅਪੂਰਨ ਸੰਬੰਧਕ ਹਨ।

Scanned by CamScanner

3. ਦੁਵਾਜਰੇ ਸੰਬੰਧਕ :- ਜਿਹੜੇ ਸ਼ਬਦ ਕਦੇ ਪੂਰਨ ਤੇ ਕਦੇ ਅਪੂਰਨ ਸੰਬੰਧਕ ਬਣ ਜਾਣ, ਉਹਨਾਂ ਨੂੰ ਦੁਵਾਜਰੇ ਸੰਬੰਧਕ ਕਿਹਾ ਜਾਂਦਾ ਹੈ; ਜਿਵੇਂ :- ਮੈਂ ਇਹ ਸਾਰਾ ਕੰਮ ਉਸ ਦੇ ਲਈ ਕੀਤਾ ਹੈ। ਮੇਰਾ ਸਾਰਾ ਫ਼ਾਇਦਾ ਉਸ ਦੁਆਰਾ ਹੀ ਹੋਇਆ ਹੈ।
ਇਹਨਾਂ ਵਾਕਾਂ ਵਿੱਚ 'ਉਸ ਦੇ ਲਈ' ਅਤੇ 'ਉਸ ਦੁਆਰ' ਦੁਵਾਜਰੇ ਸੰਬੰਧਕ ਹਨ। ਇਸੇ ਤਰ੍ਹਾਂ – ਰਾਹੀਂ, ਅਨੁਸਾਰ, ਬਿਨਾਂ ਵਰਗਾ, ਕੋਲ਼, ਪਾਸ, ਲਈ, ਨਾਲ਼ ਆਦਿ ਦੁਵਾਜਰੇ ਸੰਬੰਧਕ ਹਨ।

4. ਸੰਬੰਧ ਸੂਚਕ ਪਿਛੇਤਰ :- ਜਿਨ੍ਹਾਂ ਸ਼ਬਦਾਂ ਦਾ ਪਿਛੇਤਰ ਹੀ ਸੰਬੰਧਿਕ ਦਾ ਕੰਮ ਦੇਵੇ, ਉਹਨਾਂ ਨੂੰ ਸੰਬੰਧ ਸੂਚਕ ਪਿਛੇਤਰ ਕਿਹਾ ਜਾਂਦਾ ਹੈ; ਜਿਵੇਂ :- ਧਰਮਪਾਲ ਹੱਟੀਓਂ ਸੌਦਾ ਲਿਆਇਆ। ਜਸ਼ਨ ਸਕੂਲੋਂ ਦੌੜ ਗਿਆ। ਇਹਨਾਂ ਵਾਕਾਂ ਵਿੱਚ ਹੱਟੀਓਂ, ਸਕੂਲੋਂ ਸ਼ਬਦਾਂ ਦੇ ਪਿਛੇਤਰ ਸੰਬੰਧ ਸੂਚਕ ਪਿਛੇਤਰ ਹਨ। ਇਸੇ ਤਰ੍ਹਾਂ, –(ੇ) ਲਾਵਾਂ, (ੋ) ਹੋੜਾ, (ੀ) ਬਿਹਾਰੀ ਅਤੇ (ਂ) ਬਿੰਦੀ ਲਾ ਕੇ ਵੀ ਸੰਬੰਧ ਸੂਚਕ ਪਿਛੇਤਰ ਬਣਦੇ ਹਨ।

## ਅਭਿਆਸ

ਪ੍ਰ 1. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:

(ੳ) ਸੰਬੰਧਕ ਕੀ ਹੁੰਦਾ ਹੈ? ਉਦਾਹਰਨ ਸਹਿਤ ਲਿਖੋ।

(ਅ) ਸੰਬੰਧਿਕ ਕਿੰਨੀ ਪ੍ਰਕਾਰ ਦੇ ਹੁੰਦੇ ਹਨ?

ਪ੍ਰ 2. ਹੇਠ ਲਿਖੇ ਵਾਕਾਂ ਵਿੱਚੋਂ ਸੰਬੰਧਕ ਚੁਣੋ ਅਤੇ ਵਾਕ ਦੇ ਸਾਹਮਣੇ ਲਿਖੋ!

(1) ਸਾਡਾ ਘਰ ਸਕੂਲ ਦੇ ਨੇੜੇ ਹੈ। -----

(2) ਵੀਨਾਂ ਦਾ ਭਰਾ ਬੜਾ ਸੋਹਣਾ ਹੈ। -----

(3) ਰਤਾ ਨੇੜੇ ਹੋ ਕੇ ਬੈਠ। ----

(4) ਬਿੱਲੀ ਮੰਜੇ ਹੇਠਾਂ ਬੈਠੀ ਹੈ। ----

ਪ੍ਰ 3. ਹੇਠ ਲਿਖੇ ਸੰਬੰਧਕਾਂ ਦੀ ਵਰਤੋਂ ਕਰਦੇ ਹੋਏ ਵਾਕ ਬਣਾਓ: ਦਾ, ਵਿੱਚ, ਨੂੰ, ਦੂਰ, ਅੰਦਰ, ਦੁਆਰਾ, ਨੇੜੇ, ਤੋਂ, ਕੋਲ਼, ਲਈ, ਉੱਤੇ।

Scanned by CamScanner

# ਯੋਜਕ

ਯੋਜਕ :— ਜਿਹੜੇ ਸ਼ਬਦ ਵਾਕ ਵਿੱਚ ਦੋ ਸ਼ਬਦਾਂ, ਵਾਕਾਂਸ਼ਾਂ ਜਾਂ ਵਾਕਾਂ ਨੂੰ ਆਪਸ ਵਿੱਚ ਜੋੜਨ ਉਹਨਾਂ ਨੂੰ ਯੋਜਕ ਕਿਹਾ ਜਾਂਦਾ ਹੈ; ਜਿਵੇਂ — ਹਾਕੀ ਅਤੇ ਕ੍ਰਿਕਟ ਦੋਵੇਂ ਅੰਤਰਰਾਸ਼ਟਰੀ ਖੇਡਾਂ ਹਨ। ਜੋ ਗਰਜਦੇ ਹਨ, ਸੋ ਵਰ੍ਹਦੇ ਨਹੀਂ। ਤੁਸੀਂ ਪੜ੍ਹੋ ਵੀ ਤੇ ਖੇਡੋ ਵੀ। ਕੰਮ ਵੀ ਕਰੀ ਜਾਓ ਨਾਲੇ ਗੱਲਾਂ ਵੀ। ਇਹਨਾਂ ਵਾਕਾਂ ਵਿੱਚ 'ਅਤੇ', 'ਜੋ', 'ਸੋ', 'ਤੇ', 'ਨਾਲ਼ੇ' ਯੋਜਕ ਹਨ।

## ਯੋਜਕ ਦੇ ਦੋ ਭੇਦ ਹੁੰਦੇ ਹਨ:

1. ਸਮਾਨ ਯੋਜਕ    2. ਅਧੀਨ ਯੋਜਕ

ਸਮਾਨ ਯੋਜਕ — ਜਿਹੜੇ ਸ਼ਬਦ ਸਮਾਨ ਜਾਂ ਬਰਾਬਰ ਦੇ ਸ਼ਬਦਾਂ, ਵਾਕਾਂਸ਼ਾਂ ਜਾਂ ਵਾਕਾਂ ਨੂੰ ਜੋੜਨ, ਉਹਨਾਂ ਨੂੰ ਸਮਾਨ ਯੋਜਕ ਕਿਹਾ ਜਾਂਦਾ ਹੈ; ਜਿਵੇਂ :-

1. ਚੰਡੀਗੜ੍ਹ ਪੰਜਾਬ ਤੇ ਹਰਿਆਣਾ ਦੀ ਰਾਜਧਾਨੀ ਹੈ।
2. ਰਵੀ ਨੌਕਰੀ ਕਰਦਾ ਹੈ ਅਤੇ ਪੜ੍ਹਦਾ ਹੈ।
3. ਚਾਹ ਵੀ ਪੀਓ ਤੇ ਰੋਟੀ ਵੀ ਖਾਓ।
4. ਹਰਪ੍ਰੀਤ ਅਤੇ ਸੋਨੂੰ ਸਕੀਆਂ ਭੈਣਾਂ ਹਨ।
5. ਉਹ ਬੁਜ਼ਦਿਲ ਨਹੀਂ ਸਗੋਂ ਬਹਾਦਰ ਵੀ ਹੈ।

ਇਹਨਾਂ ਵਾਕਾਂ ਵਿੱਚ 'ਤੇ', 'ਅਤੇ', ਸਗੋਂ ਸਮਾਨ ਯੋਜਕ ਹਨ।

2. ਅਧੀਨ ਯੋਜਕ — ਜਿਹੜੇ ਸ਼ਬਦ ਅਧੀਨ ਉਪਵਾਕਾਂ ਨੂੰ ਪ੍ਰਧਾਨ ਉਪਵਾਕਾਂ ਨਾਲ਼ ਜੋੜ ਕੇ ਮਿਸ਼ਰਤ ਵਾਕ ਬਣਾਉਣ, ਉਹਨਾਂ ਨੂੰ ਅਧੀਨ ਯੋਜਕ ਕਿਹਾ ਜਾਂਦਾ ਹੈ; ਜਿਵੇਂ :-

1. ਉਹ ਗ਼ਰੀਬ ਹੈ, ਫਿਰ ਵੀ ਇਮਾਨਦਾਰ ਹੈ।
2. ਗੁਰੂ ਜੀ ਨੇ ਉਪਦੇਸ਼ ਦਿੱਤਾ ਕਿ ਕਿਰਤ ਕਰਕੇ ਖਾਓ।
3. ਇਹ ਗੱਲ ਸਾਰੇ ਜਾਣਦੇ ਹਨ ਕਿ ਤੂੰ ਕਿੰਨਾ ਕੁ ਧਰਮਾਤਮਾ ਹੈ।
4. ਮਾਤਾ-ਪਿਤਾ ਬੱਚਿਆਂ ਨੂੰ ਪੜ੍ਹਾਉਂਦੇ ਹਨ, ਤਾਂ ਕਿ ਉਹਨਾਂ ਦੀ ਜ਼ਿੰਦਗੀ ਬਣੇ।

ਇਹਨਾਂ ਵਾਕਾਂ ਵਿੱਚ 'ਫਿਰ ਵੀ', 'ਕਿ', 'ਤਾਂ ਕਿ' ਅਧੀਨ ਯੋਜਕ ਹਨ।

## ਅਭਿਆਸ

ਪ੍ਰ 1. ਯੋਜਕ ਕਿਸ ਨੂੰ ਆਖਦੇ ਹਨ? ਉਦਾਹਰਨਾਂ ਸਹਿਤ ਦੱਸੋ।

2. ਯੋਜਕ ਦੀਆਂ ਕਿਸਮਾਂ ਦੱਸੋ?

3. ਸਮਾਨ ਯੋਜਕ ਕਿਸ ਨੂੰ ਆਖਦੇ ਹਨ?

4. ਅਧੀਨ ਯੋਜਕ ਕਿਸ ਨੂੰ ਆਖਦੇ ਹਨ?

ਪ੍ਰ 5. ਹੇਠ ਲਿਖੇ ਵਾਕਾਂ ਨੂੰ ਯੋਜਕ ਲਾ ਕੇ ਪੂਰਾ ਕਰੋ :

(ੳ) ਜਿੱਦੋ ....ਜਿੱਦੋ ਮੇਲੇ ਗਈਆਂ।

(ਅ) ਤੁਸੀਂ ਝੂਠ ਬੋਲਿਆ ____.. ਮੈਨੂੰ ਤੁਹਾਡੇ ਤੇ ਵਿਸ਼ਵਾਸ ਨਹੀਂ।

(ੲ) ਉਹ ਕਮਜ਼ੋਰ ਹੈ ..... ਬਿਮਾਰ ਨਹੀਂ

(ਸ) ਮੈਨੂੰ ਪਤਾ ਹੈ ..... ਤੂੰ ਸ਼ਰਾਰਤ ਨਹੀਂ ਕੀਤੀ।

(ਹ) ਪ੍ਰੀਤ ਇੰਨੀ ਤੇਜ਼ ਦੌੜ ਰਿਹਾ ਸੀ ...... ਕੋਈ ਉਸ ਦੇ ਪਿੱਛੇ ਪਿਆ ਹੋਵੇ।

ਪ੍ਰ. 6. ਹੇਠ ਲਿਖੇ ਯੋਜਕਾਂ ਦੀ ਵਰਤੋਂ ਕਰਕੇ ਵਾਕ ਬਣਾਓ :

ਕਿਉਂਕਿ, ਇਸ ਲਈ, ਨਾਲ਼ੇ, ਪਰ, ਤਿਵੇਂ, ਤਾਂ ਜੋ, ਫਿਰ ਵੀ, ਭਾਵੇਂ, ਕਿ, ਸਗੋਂ।

Scanned by CamScanner

# ਵਿਸਮਕ

ਵਿਸਮਕ – ਖ਼ੁਸ਼ੀ, ਗ਼ਮੀ, ਹੈਰਾਨੀ, ਭੈ, ਪ੍ਰਸੰਸਾ, ਡਰ, ਤਾੜਨਾ ਆਦਿ ਭਾਵਾਂ ਦੇ ਪ੍ਰਗਟਾਵੇ ਲਈ ਸੁਭਾਵਿਕ ਹੀ ਸਾਡੇ ਮੂੰਹੋਂ ਨਿਕਲਿਆ ਸ਼ਬਦ ਵਿਸਮਕ ਅਖਵਾਉਂਦਾ ਹੈ। ਇਸ ਸ਼ਬਦ ਦੇ ਨਾਲ਼ ਵਿਸਮਕ ਚਿੰਨ੍ਹ (!) ਵਰਤਿਆ ਜਾਂਦਾ ਹੈ; ਜਿਵੇਂ :- ਓਏ! ਦੌੜ ਕੇ ਘਰ ਨੂੰ ਜਾਹ। ਖ਼ਬਰਦਾਰ! ਜੇ ਗਾਲ੍ਹ ਕੱਢੀ। ਹਾਇ! ਸੀਤਾ ਫ਼ੇਲ ਹੋ ਗਈ। ਕਾਸ਼! ਮੈਂ ਵਿਦਿਆ ਮੰਤਰੀ ਹੁੰਦਾ। ਇਹਨਾਂ ਵਾਕਾਂ ਵਿੱਚ 'ਓਏ', 'ਖ਼ਬਰਦਾਰ', 'ਹਾਇ', 'ਕਾਸ਼' ਵਿਸਮਕ ਹਨ।

## ਵਿਸਮਿਕ ਦਸ ਪ੍ਰਕਾਰ ਦੇ ਹਨ

1. ਸੰਬੋਧਨੀ ਵਿਸਮਕ, 2. ਸੂਚਨਾਵਾਚਕ ਵਿਸਮਕ 3. ਪ੍ਰਸੰਸਾਵਾਚਕ ਵਿਸਮਕ
4. ਸ਼ੋਕਵਾਚਕ ਵਿਸਮਕ 5. ਸਤਿਕਾਰਵਾਚਕ ਵਿਸਮਕ 6. ਫਿਟਕਾਰਵਾਚਕ ਵਿਸਮਕ
7. ਅਸੀਸਵਾਚਕ ਵਿਸਮਕ 8. ਇੱਛਿਆਵਾਚਕ ਵਿਸਮਕ 9. ਹੈਰਾਨੀਵਾਚਕ ਵਿਸਮਕ
10. ਸਲਾਹੁਤਾਵਾਚਕ ਵਿਸਮਕ

1. ਸੰਬੋਧਨੀ ਵਿਸਮਕ :- ਉਹ ਵਿਸਮਕ, ਜੋ ਕਿਸੇ ਨੂੰ ਬੁਲਾਉਣ ਲਈ ਜਾਂ ਅਵਾਜ਼ ਦੇਣ ਲਈ ਵਰਤੇ ਜਾਂਦੇ ਹਨ; ਜਿਵੇਂ :- ਨੀ!, ਬੱਚੀਂ!, ਬੀਬਾ!, ਹੇ!, ਵੇ ਭਾਈ ਆਦਿ।

2. ਸੂਚਨਾਵਾਚਕ ਵਿਸਮਕ :- ਉਹ ਵਿਸਮਕ ਜੋ ਤਾੜਨਾ ਕਰਨ ਜਾਂ ਚੇਤੰਨ ਕਰਨ ਲਈ ਵਰਤੇ ਜਾਣ; ਜਿਵੇਂ – ਖ਼ਬਰਦਾਰ!, ਵੇਖੀਂ!, ਹੁਸ਼ਿਆਰ, ਠਹਿਰ ਜ਼ਰਾ! ਆਦਿ।

3. ਪ੍ਰਸੰਸਾਵਾਚਕ ਵਿਸਮਕ :- ਜੋ ਵਿਸਮਕ ਖ਼ੁਸ਼ੀ ਦੇ, ਹੁਲਾਸ ਦੇ, ਪ੍ਰਸੰਸਾ ਦੇ ਭਾਵ ਪ੍ਰਗਟ ਕਰਨ ਲਈ ਵਰਤੇ ਜਾਣ; ਜਿਵੇਂ :- ਅਸ਼ਕੇ!, ਆਹਾ!, ਸ਼ਾਬਾਸ਼!, ਬੱਲੇ! ਆਦਿ।

4. ਸ਼ੋਕਵਾਚਕ ਵਿਸਮਕ :- ਜੋ ਵਿਸਮਕ ਦੁੱਖ ਜਾਂ ਸ਼ੋਕ ਪ੍ਰਗਟ ਕਰਨ ਲਈ ਵਰਤੇ ਜਾਣ; ਜਿਵੇਂ :- ਉਫ਼!, ਹਾਇ!, ਸ਼ੋਕ!, ਓਹੋ!, ਹਾਏ ਰੱਬਾ! ਆਦਿ।

– 5. ਸਤਿਕਾਰਵਾਚਕ ਵਿਸਮਿਕ :- ਜੋ ਵਿਸਮਕ ਕਿਸੇ ਸੰਬੰਧੀ ਸਤਿਕਾਰ ਜਾਂ ਪਿਆਰ ਦਾ ਭਾਵ ਪ੍ਰਗਟ ਕਰਨ ਲਈ ਵਰਤੇ ਜਾਣ; ਜਿਵੇਂ :- ਧੰਨ ਭਾਗ!, ਜੀ ਆਇਆਂ ਨੂੰ!, ਆਓ ਜੀ!, ਆਈਏ ਜੀ! ਆਦਿ।

6. ਫਿਟਕਾਰਵਾਚਕ ਵਿਸਮਕ :- ਜੋ ਵਿਸਮਕ ਫਿਟਕਾਰ ਜਾਂ ਲਾਹਨਤ ਦੇ ਭਾਵ ਪ੍ਰਗਟ ਕਰਨ ਲਈ ਵਰਤੇ ਜਾਣ; ਜਿਵੇਂ :- ਲੱਖ ਲਾਹਨਤ!, ਫਿੱਟੇ ਮੂੰਹ!, ਦਫ਼ਾ ਹੋ!, ਬੇ-ਸ਼ਰਮ! ਆਦਿ।

7. ਅਸੀਸਵਾਚਕ ਵਿਸਮਕ :- ਜੋ ਵਿਸਮਕ ਅਸੀਸ ਜਾਂ ਅਸ਼ੀਰਵਾਦ ਦੇ ਭਾਵ ਪ੍ਰਗਟ ਕਰਨ ਦੇ ਲਈ ਵਰਤੇ ਜਾਣ; ਜਿਵੇਂ – ਭਲਾ ਹੋਵੇ!, ਵੱਧੋ ਫੁੱਲੋ!, ਜੀਉਂਦਾ ਰਹੁ!, ਸਾਂਈ ਜੀਵੇ!, ਜੁਗ ਜੁਗ ਜੀਵੋ! ਆਦਿ।

8 ਇੱਛਿਆਵਾਚਕ ਵਿਸਮਕ :- ਜੋ ਵਿਸਮਕ ਮਨ ਦੀ ਇੱਛਾ ਨੂੰ ਪ੍ਰਗਟ ਕਰਨ; ਜਿਵੇਂ :- ਜੇ ਕਦੇ!, ਹੇ ਦਾਤਾ! ਹੇ ਕਰਤਾਰ!, ਜੇ ਕਿਤੇ!, ਹੇ ਰੱਬਾ ਆਦਿ।

9. ਹੈਰਾਨੀਵਾਚਕ ਵਿਸਮਕ :- ਜੋ ਵਿਸਮਕ ਹੈਰਾਨੀ ਦੇ ਭਾਵ ਪ੍ਰਗਟ ਕਰਨ ਲਈ ਵਰਤੇ ਜਾਣ; ਜਿਵੇਂ – ਹੈਂ!, ਓ ਹੋ!, ਹੈਂ! ਹੈਂ!, ਵਾਹ!, ਵਾਹ-ਵਾਹ! ਆਦਿ।

10. ਸਲਾਹੁਤਾਵਾਚਕ ਵਿਸਮਕ :- ਜੋ ਵਿਸਮਕ ਕਿਸੇ ਦੀ ਸਲਾਹੁਤਾ ਜਾਂ ਵਡਿਆਈ

Scanned by CamScanner

ਲਈ ਵਰਤੇ ਜਾਣ; ਜਿਵੇਂ - ਅਸ਼ਕੇ!, ਸ਼ਾਬਾਸ਼!, ਬੱਲੇ ਬੱਲੇ!, ਸਦਕੇ!

## ਅਭਿਆਸ

ਪ੍ਰ. 1. ਵਿਸਮਕ ਕਿਸ ਨੂੰ ਆਖਦੇ ਹਨ?

ਪ੍ਰ. 2. ਵਿਸਮਕ ਕਿੰਨੇ ਪ੍ਰਕਾਰ ਦੇ ਹੁੰਦੇ ਹਨ?

ਪ੍ਰ. 3. ਪ੍ਰਸੰਸਾਵਾਚਕ ਵਿਸਮਕ ਤੋਂ ਕਿਹੋ ਜਿਹੇ ਭਾਵ ਪ੍ਰਗਟ ਹੁੰਦੇ ਹਨ?

ਪ੍ਰ. 4. ਸੰਬੋਧਨੀ ਵਿਸਮਕ ਕਿਹੜੇ ਕਿਹੜੇ ਹਨ?

ਪ੍ਰ. 5. ਹੈਰਾਨੀਵਾਚਕ ਵਿਸਮਕ ਦੀਆਂ ਉਦਾਹਰਨਾਂ ਦਿਓ।

ਪ੍ਰ. 6. ਹੇਠ ਲਿਖੇ ਵਾਕਾਂ ਵਿੱਚੋਂ ਵਿਸਮਕ ਸ਼ਬਦਾਂ ਨੂੰ ਚੁਣੋ ਅਤੇ ਦੱਸੋ ਕਿ ਉਹ ਕਿਹੜੇ ਭਾਵਾਂ ਨੂੰ ਪ੍ਰਗਟ ਕਰਦੇ ਹਨ -

(ੳ) ਕਾਸ਼! ਮੇਰੀ ਇੱਕ ਭੈਣ ਹੁੰਦੀ। ------ ----------

(ਅ) ਹਾਏ ਚਾਚਾ! ਤੂੰ ਕਿੱਥੇ ਚਲਾ ਗਿਉਂ? ------ ------

(ੲ) ਵਾਹ! ਕਿੰਨਾ ਸੁੰਦਰ ਨਜ਼ਾਰਾ ਹੈ। ----- ----

(ਸ) ਖ਼ਬਰਦਾਰ! ਜੇ ਤੂੰ ਇੱਧਰ ਆਇਆ। ----- -----

(ਹ) ਧੰਨ-ਭਾਗ! ਜੀ ਆਇਆਂ ਨੂੰ। ------ ----

(ਕ) ਬੱਲੇ! ਬੱਲੇ! ਮੇਰੇ ਪੁੱਤ ਨੇ ਇਨਾਮ ਜਿੱਤਿਆ। ---- ------

(ਖ) ਹੈਂ! ਤੂੰ ਵੀ ਪਾਸ ਹੋ ਗਿਆ? ---- -----

(ਗ) ਵੇਖੀਂ ਕਿਤੇ! ਪੜ੍ਹਾਈ ਨਾ ਛੱਡ ਦੇਵੀਂ

ਪ੍ਰ. 7. ਹੇਠ ਲਿਖੇ ਭਾਵਾਂ ਨੂੰ ਪ੍ਰਗਟ ਕਰਦੇ ਕੁੱਝ ਵਾਕ ਲਿਖੋ -

ਖ਼ੁਸ਼ੀ, ਹੈਰਾਨੀ, ਡਰ, ਗ਼ਮੀ, ਇੱਛਿਆ, ਸਤਿਕਾਰ, ਫ਼ਿਟਕਾਰ, ਤਾੜਨਾ, ਅਸੀਸ।

Scanned by CamScanner

# ਵਾਕ-ਬੋਧ

ਵਾਕ-ਬੋਧ ਦੁਆਰਾ ਅਸੀਂ ਵਾਕ-ਰਚਨਾ, ਵਾਕ ਵੰਡ, ਵਾਕ-ਵਟਾਂਦਰਾ ਅਤੇ ਵਿਸ਼ਰਾਮ ਚਿੰਨ੍ਹਾਂ ਦੇ ਨਿਯਮਾਂ ਦੀ ਜਾਣਕਾਰੀ ਪ੍ਰਾਪਤ ਕਰਦੇ ਹਾਂ।

ਵਾਕ-ਬੋਧ ਵਿਆਕਰਨ ਦਾ ਉਹ ਭਾਗ ਹੈ ਜਿਸ ਵਿੱਚ ਵਾਕ-ਬਣਤਰ ਦੇ ਨਿਯਮਾਂ, ਵਾਕਾਂ ਦੀ ਵੰਨਗੀ ਆਦਿ ਬਾਰੇ ਵਿਚਾਰ ਕੀਤੀ ਜਾਂਦੀ ਹੈ। ਧੁਨੀ ਨੂੰ ਭਾਸ਼ਾ ਦੀ ਸਭ ਤੋਂ ਛੋਟੀ ਇਕਾਈ ਮੰਨਿਆ ਜਾਂਦਾ ਹੈ। ਧੁਨੀਆਂ ਤੋਂ ਸ਼ਬਦ ਬਣਦੇ ਹਨ ਅਤੇ ਸ਼ਬਦਾਂ ਤੋਂ ਵਾਕ। ਭਾਸ਼ਾ ਦੀ ਸਭ ਤੋਂ ਵੱਡੀ ਇਕਾਈ ਵਾਕ ਹੈ। ਵਾਕ ਦੇ ਅੰਤ ਉੱਤੇ ਪੂਰਨ ਵਿਸਰਾਮ ਚਿੰਨ੍ਹ ਆਉਂਦਾ ਹੈ। ਵਿਆਕਰਨ ਅਨੁਸਾਰ ਤਰਤੀਬ ਵਿੱਚ ਲਿਖੇ ਸ਼ਬਦਾਂ ਦੇ ਸਮੂਹ ਨੂੰ ਵਾਕ ਕਿਹਾ ਜਾਂਦਾ ਹੈ। ਵਾਕ ਇੱਕ ਸ਼ਬਦ ਦਾ ਵੀ ਹੋ ਸਕਦਾ ਹੈ ਅਤੇ ਜ਼ਿਆਦਾ ਸ਼ਬਦਾਂ ਦਾ ਵੀ ਹੋ ਸਕਦਾ ਹੈ; 1. ਜਿੰਦਰ ਕੱਲ ਬਜ਼ਾਰ ਗਿਆ ਸੀ। 2. ਖਾਓ ਪੀਓ। 3. ਜਾਓ।

ਇਹ ਧਿਆਨ ਰੱਖਣ ਦੀ ਗੱਲ ਇਹ ਹੈ ਕਿ ਵਾਕ ਭਾਵੇਂ ਵੱਡਾ ਹੋਵੇ ਜਾਂ ਛੋਟਾ, ਅਰਥ ਪੂਰਨ ਹੋਣਾ ਚਾਹੀਦਾ ਹੈ।

## ਵਾਕ ਦੇ ਭਾਗ

ਵਾਕ ਨੂੰ ਮੁੱਖ ਤੌਰ 'ਤੇ ਦੋ ਭਾਗਾਂ ਵਿੱਚ ਵੰਡਿਆ ਜਾਂਦਾ ਹੈ:

(ੳ) ਉਦੇਸ਼ (ਅ) ਵਿਧੇਅ

ਉਦੇਸ਼ – ਇਹ ਵਾਕ ਦਾ ਉਹ ਭਾਗ ਹੈ, ਜਿਸ ਵਿੱਚ ਕਰਤਾ ਅਤੇ ਉਸ ਦਾ ਵਿਸਥਾਰ ਸ਼ਾਮਲ ਹੋਵੇ।

ਕਰਤਾ :– ਕਿਸੇ ਵਾਕ ਵਿੱਚ ਕੰਮ ਕਰਨ ਵਾਲੇ ਨੂੰ ਕਰਤਾ ਕਿਹਾ ਜਾਂਦਾ ਹੈ; ਜਿਵੇਂ : ਰਮਨ ਕਵਿਤਾ ਲਿਖਦਾ ਹੈ।

ਇਸ ਵਾਕ ਵਿੱਚ ਰਮਨ ਵਾਕ ਦਾ ਕਰਤਾ ਹੈ।

ਕਰਤਾ ਦਾ ਵਿਸਥਾਰ :– ਵਾਕ ਵਿੱਚ ਕਰਤਾ ਦੀ ਵਿਸ਼ੇਸ਼ਤਾ ਦੱਸਣ ਵਾਲੇ ਸ਼ਬਦ ਕਰਤਾ ਦਾ ਵਿਸਥਾਰ ਹੁੰਦੇ ਹਨ; ਜਿਵੇਂ : ਥੱਕੇ ਹੋਏ ਬੱਚੇ ਦੁੱਧ ਪੀ ਕੇ ਸੌਂ ਗਏ।

ਇਸ ਵਾਕ ਵਿੱਚ 'ਥੱਕੇ ਹੋਏ' ਸ਼ਬਦ, ਕਰਤਾ 'ਬੱਚੇ' ਦੀ ਵਿਸ਼ੇਸ਼ਤਾ ਦੱਸਣ ਕਰਕੇ ਕਰਤਾ ਦਾ ਵਿਸਥਾਰ ਹੈ।

Scanned by CamScanner

ਵਿਧੇਅ — ਉਦੇਸ਼ ਤੋਂ ਬਿਨਾਂ ਵਾਕ ਦਾ ਬਾਕੀ ਸਾਰਾ ਹਿੱਸਾ ਵਿਧੇਅ ਹੁੰਦਾ ਹੈ। ਇਸ ਵਿੱਚ ਕਰਤਾ ਬਾਰੇ ਕੁਝ ਕਿਹਾ ਜਾਂਦਾ ਹੈ।

1. ਬੱਚਾ ਰੋ ਰਿਹਾ ਹੈ।
2. ਭਾਰਤ ਮੇਰਾ ਦੇਸ਼ ਹੈ।
3. ਮੀਂਹ ਪੈ ਰਿਹਾ ਹੈ।

ਇਹਨਾਂ ਵਾਕਾਂ ਵਿੱਚ 'ਬੱਚਾ', 'ਭਾਰਤ', ਅਤੇ ਮੀਂਹ ਉਦੇਸ਼ ਹੈ ਅਤੇ 'ਰੋ ਰਿਹਾ ਹੈ', 'ਮੇਰਾ ਦੇਸ ਹੈ' ਅਤੇ 'ਪੈ ਰਿਹਾ ਹੈ' ਵਿਧੇਅ ਹੈ।

## ਵਾਕ - ਵੰਡ

ਵਾਕ ਦੀ ਵੰਡ ਦੋ ਤਰ੍ਹਾਂ ਨਾਲ਼ ਕੀਤੀ ਜਾਂਦੀ ਹੈ:

1. ਬਣਤਰ ਦੇ ਅਧਾਰ ਤੇ। 2. ਕਾਰਜ ਦੇ ਅਧਾਰ ਤੇ।

ਬਣਤਰ ਦੇ ਅਧਾਰ ਤੇ ਵਾਕਾਂ ਦੀਆਂ ਕਿਸਮਾਂ —

1. ਸਧਾਰਨ ਵਾਕ
2. ਸੰਯੁਕਤ ਵਾਕ
3. ਮਿਸ਼ਰਤ ਵਾਕ
4. ਗੁੰਝਲਦਾਰ ਵਾਕ

1. ਸਧਾਰਨ ਵਾਕ — ਜਿਸ ਵਾਕ ਵਿੱਚ ਕੇਵਲ ਇੱਕ ਹੀ ਕਿਰਿਆ ਹੋਵੇ, ਉਸ ਨੂੰ ਸਧਾਰਨ ਵਾਕ ਕਿਹਾ ਜਾਂਦਾ ਹੈ; ਜਿਵੇਂ: ਸ਼ਾਮ ਹੱਸਦਾ ਹੈ।
ਰਮਨ ਪਤੰਗ ਉਡਾ ਰਿਹਾ ਹੈ।
ਸਧਾਰਨ ਵਾਕ ਵਿੱਚ ਕੋਈ ਯੋਜਕ ਨਹੀਂ ਲੱਗਦਾ।

2. ਸੰਯੁਕਤ ਵਾਕ — ਜਿਨ੍ਹਾਂ ਵਾਕਾਂ ਵਿੱਚ ਇੱਕ ਤੋਂ ਵੱਧ ਕਿਰਿਆਵਾਂ ਹੋਣ ਅਤੇ ਉਹਨਾਂ ਦੇ ਇੱਕ ਤੋਂ ਵੱਧ ਉਪਵਾਕ ਅਤੇ, ਤੇ, ਜੇਕਰ, ਪਰ ਆਦਿਕ ਯੋਜਕਾਂ ਦੁਆਰਾ ਆਪਸ ਵਿੱਚ ਜੁੜੇ ਹੋਣ, ਉਹਨਾਂ ਵਾਕਾਂ ਨੂੰ ਸੰਯੁਕਤ ਵਾਕ ਕਿਹਾ ਜਾਂਦਾ ਹੈ; ਜਿਵੇਂ: ਆਪਣਾ ਫ਼ਰਜ਼ ਨਿਭਾਓ ਅਤੇ ਸੁਰਖ਼ਰੂ ਹੋ ਜਾਓ।
ਰਾਜਨ ਨੇ ਗੀਤ ਗਾਇਆ ਤੇ ਲੋਕਾਂ ਨੂੰ ਖ਼ੁਸ਼ ਕੀਤਾ।
ਬੱਦਲ ਤਾਂ ਆਏ ਸੀ ਪਰ ਬਰਸਾਤ ਨਹੀਂ ਹੋਈ।

3. ਮਿਸ਼ਰਤ ਵਾਕ — ਜਦੋਂ ਵਾਕ ਵਿੱਚ ਇੱਕ ਤੋਂ ਵੱਧ ਉਪਵਾਕ ਹੋਣ ਅਤੇ ਉਹ ਉਪਵਾਕ ਕਿਉਂਕਿ, ਤਾਂ ਕਿ, ਇਸ ਲਈ, ਕਿ ਆਦਿਕ ਯੋਜਕਾਂ ਦੁਆਰਾ ਆਪਸ ਵਿੱਚ ਜੁੜੇ ਹੋਣ, ਭਾਵ ਵਾਕ ਵਿੱਚ ਇੱਕ ਪ੍ਰਧਾਨ ਉਪਵਾਕ ਅਤੇ ਇੱਕ ਜਾਂ ਇੱਕ ਤੋਂ ਵੱਧ ਅਧੀਨ ਉਪਵਾਕ ਹੋਣ ਤਾਂ ਉਸ ਨੂੰ ਮਿਸ਼ਰਤ ਵਾਕ ਕਿਹਾ ਜਾਂਦਾ ਹੈ; ਜਿਵੇਂ —
ਬੱਚੇ ਨੱਚ ਰਹੇ ਹਨ ਕਿਉਂਕਿ ਅੱਜ ਮੀਂਹ ਪੈ ਕੇ ਹਟਿਆ ਹੈ।
ਤੁਸੀਂ ਜਾਣਦੇ ਹੋ ਕਿ ਬੱਚੇ ਭੋਲ਼ੇ ਹੁੰਦੇ ਹਨ।

4. ਗੁੰਝਲਦਾਰ ਵਾਕ — ਜਿਸ ਵਾਕ ਵਿੱਚ ਪ੍ਰਧਾਨ, ਅਧੀਨ ਤੇ ਸਮਾਨ ਤਿੰਨੇ ਤਰ੍ਹਾਂ ਦੇ ਵਾਕ ਹੋਣ ਜੋ ਸਮਾਨ ਯੋਜਕਾਂ ਨਾਲ਼ ਜੁੜੇ ਹੋਣ, ਉਸ ਨੂੰ ਗੁੰਝਲਦਾਰ ਵਾਕ ਆਖਦੇ ਹਨ; ਜਿਵੇਂ — ਮੈਨੂੰ ਪਤਾ ਲੱਗਾ ਹੈ ਕਿ ਸੁੰਦਰ ਇਥੇ ਆਵੇਗਾ ਤੇ ਸਾਡੇ ਲਈ ਤੋਹਫ਼ਾ ਲਿਆਵੇਗਾ ਪਰ ਮੈਨੂੰ ਇਸ ਗੱਲ ਦੀ ਹੈਰਾਨੀ ਨਾ ਹੋਈ।
ਉਹ ਪਿੰਡ ਆ ਗਿਆ ਹੈ ਅਤੇ ਉਸ ਨੇ ਆਪਣੀ ਉਸ ਦੁਕਾਨ ਦਾ, ਜਿਸ ਦਾ ਬੜੇ ਚਿਰਾਂ ਤੋਂ ਝਗੜਾ ਚਲਦਾ ਸੀ, ਦਾ ਕਬਜ਼ਾ ਲੈ ਲਿਆ ਹੈ।

Scanned by CamScanner

## 2. ਕਾਰਜ ਦੇ ਅਧਾਰ 'ਤੇ ਵਾਕਾਂ ਦੀਆਂ ਕਿਸਮਾਂ –

1. ਸਰਲ ਵਾਕ
2. ਪ੍ਰਸ਼ਨ-ਵਾਚਕ ਵਾਕ
3. ਵਿਸਮਕ ਵਾਕ
4. ਆਗਿਆ ਸੂਚਕ ਜਾਂ ਬਿਨੈਵਾਚਕ ਵਾਕ
5. ਇੱਛਿਆ ਸੂਚਕ ਵਾਕ

1. ਸਰਲ ਵਾਕ – ਜਿਹੜੇ ਵਾਕਾਂ ਵਿੱਚ ਗੱਲ ਸਰਲ ਰੂਪ ਵਿੱਚ ਬਿਆਨ ਕੀਤੀ ਗਈ ਹੋਵੇ, ਉਹ ਸਰਲ ਵਾਕ ਹੁੰਦੇ ਹਨ। ਇਹ ਦੋ ਤਰ੍ਹਾਂ ਦੇ ਹੁੰਦੇ ਹਨ – (ੳ) ਹਾਂ-ਵਾਚਕ (ਅ) ਨਾਂਹ-ਵਾਚਕ

<u>ਹਾਂ-ਵਾਚਕ ਵਾਕ</u> – ਜਿਸ ਵਾਕ ਵਿੱਚ ਕਿਰਿਆ ਹਾਂ-ਵਾਚਕ ਹੋਵੇ, ਉਸ ਨੂੰ ਹਾਂ-ਵਾਚਕ ਵਾਕ ਕਿਹਾ ਜਾਂਦਾ ਹੈ; ਜਿਵੇਂ- ਗੀਟਾ ਸਮੇਂ ਸਿਰ ਸਕੂਲ ਆਉਂਦੀ ਹੈ। ਮੈਂ ਸਕੂਲ ਜਾ ਰਿਹਾ ਹਾਂ।

<u>ਨਾਂਹ-ਵਾਚਕ</u> – ਜਿਸ ਵਾਕ ਵਿੱਚ ਕਿਰਿਆ ਨਾਂਹ-ਵਾਚਕ ਹੋਵੇ, ਉਸ ਨੂੰ ਨਾਂਹ-ਵਾਚਕ ਵਾਕ ਕਿਹਾ ਜਾਂਦਾ ਹੈ; ਜਿਵੇਂ– ਗੀਟਾ ਸਮੇਂ ਸਿਰ ਸਕੂਲ ਨਹੀਂ ਆਉਂਦੀ। ਮੈਂ ਸਕੂਲ ਨਹੀਂ ਜਾਵਾਂਗਾ।

2. ਪ੍ਰਸ਼ਨ-ਵਾਚਕ ਵਾਕ — ਜਿਸ ਵਾਕ ਵਿੱਚ ਕੋਈ ਸਵਾਲ ਜਾਂ ਪ੍ਰਸ਼ਨ ਪੁੱਛਿਆ ਗਿਆ ਹੋਵੇ, ਉਸ ਨੂੰ ਪ੍ਰਸ਼ਨ-ਵਾਚਕ ਵਾਕ ਆਖਦੇ ਹਨ। ਅਜਿਹੇ ਵਾਕਾਂ ਵਿੱਚ ਆਮ ਤੌਰ ਤੇ 'ਕੀ', 'ਕਿਉਂ', 'ਕਿਵੇਂ', 'ਕਿਹੜਾ', 'ਕਿੱਥੇ' ਆਦਿ ਸ਼ਬਦਾਂ ਦੀ ਵਰਤੋਂ ਹੁੰਦੀ ਹੈ ਅਤੇ ਵਾਕ ਦੇ ਅੰਤ ਤੇ ਪ੍ਰਸ਼ਨ-ਚਿੰਨ੍ਹ (?) ਲੱਗਦਾ ਹੈ; ਜਿਵੇਂ - ਉਹ ਕਿਧਰ ਗਿਆ ?, ਤੁਹਾਨੂੰ ਕੌਣ ਨਹੀਂ ਜਾਣਦਾ ?, ਤੁਹਾਡਾ ਕੀ ਨਾਂ ਹੈ?

3. ਵਿਸਮਕ ਵਾਕ - ਜਿਸ ਵਾਕ ਵਿੱਚ ਹੈਰਾਨੀ ਜਾਂ ਵਿਸਮੇ ਦਾ ਭਾਵ, ਖ਼ੁਸ਼ੀ, ਗ਼ਮੀ, ਪ੍ਰਸੰਸਾ ਜਾਂ ਸਤਿਕਾਰ ਆਦਿ ਦੇ ਭਾਵ ਪ੍ਰਗਟ ਹੋਣ, ਉਸ ਨੂੰ ਵਿਸਮਕ ਵਾਕ ਕਹਿੰਦੇ ਹਨ; ਜਿਵੇਂ - ਕਿੱਡਾ ਸੋਹਣਾ ਫੁੱਲ ਹੈ। ਆਹ ! ਮੈਂ ਪਾਸ ਹੋ ਗਿਆ। ਵਾਹ! ਅਸੀਂ ਮੈਚ ਜਿੱਤ ਲਿਆ।

4. ਆਗਿਆ-ਸੂਚਕ ਜਾਂ ਬਿਨੈ-ਵਾਚਕ ਵਾਕ — ਜਿਸ ਵਾਕ ਵਿੱਚ ਕੋਈ ਕੰਮ ਕਰਨ ਲਈ ਕਿਸੇ ਨੂੰ ਹੁਕਮ ਜਾਂ ਬੇਨਤੀ ਕੀਤੀ ਗਈ ਹੋਵੇ ਨੂੰ ਆਗਿਆ-ਸੂਚਕ ਜਾਂ ਬਿਨੈ-ਵਾਚਕ ਵਾਕ ਕਿਹਾ ਜਾਂਦਾ ਹੈ; ਜਿਵੇਂ - ਮੁੰਡਿਆ, ਚਲਾ ਜਾ। ਕਿਰਪਾ ਕਰਕੇ ਮੇਰੀ ਮਦਦ ਕਰੋ।

5. ਇੱਛਿਆ ਸੂਚਕ ਵਾਕ — ਉਹ ਵਾਕ ਜਿਸ ਵਿੱਚ ਕੋਈ ਦਿਲ ਦੀ ਇੱਛਾ, ਸ਼ੁੱਭ ਇਛਾਵਾਂ, ਦਿਲੀ ਸਧਰ ਜਾਂ ਉਮੰਗ ਦਾ ਪ੍ਰਗਟਾਵਾ ਕੀਤਾ ਗਿਆ ਹੋਵੇ, ਨੂੰ ਇੱਛਿਆ ਸੂਚਕ ਵਾਕ ਕਿਹਾ ਜਾਂਦਾ ਹੈ; ਜਿਵੇਂ -
ਪਰਮਾਤਮਾ ਕਰੇ ਤੂੰ ਸੌ ਸਾਲ ਜੀਵੇਂ।
ਉਹ ਦਿਨ ਦੁੱਗਣੀ ਤੇ ਰਾਤ ਚੌਗੁਣੀ ਤਰੱਕੀ ਕਰੇ।

Scanned by CamScanner

(ਹ) ਵਿਧੇਅ ਕਿਸ ਨੂੰ ਕਹਿੰਦੇ ਹਨ -

ਵਾਕ ਦੇ ਵਧੇ ਹੋਏ ਹਿੱਸੇ ਨੂੰ।

ਵਾਕ ਦੇ ਵਧੀਆ ਹਿੱਸੇ ਨੂੰ।

ਵਾਕ ਦੇ ਵਿੱਚ ਵਰਤੇ ਗਏ ਸ਼ਬਦਾਂ ਨੂੰ।

ਉਦੇਸ਼ ਤੋਂ ਇਲਾਵਾ ਵਾਕ ਦੇ ਬਾਕੀ ਹਿੱਸੇ ਨੂੰ।

(ਕ) ਸਧਾਰਨ ਵਾਕ ਕਿਸ ਨੂੰ ਕਿਹਾ ਜਾਂਦਾ ਹੈ -

ਸਧਾਰਨ ਜਿਹੇ ਵਾਕ ਨੂੰ ਸਧਾਰਨ ਵਾਕ ਕਿਹਾ ਜਾਂਦਾ ਹੈ।

ਜਿਸ ਵਾਕ ਵਿੱਚ ਕੋਈ ਸੰਬੰਧਕ ਨਹੀਂ ਹੁੰਦਾ।

ਇਕ ਹੀ ਕਿਰਿਆ ਵਾਲ਼ੇ ਵਾਕ ਨੂੰ ਸਧਾਰਨ ਵਾਕ ਕਹਿੰਦੇ ਹਨ।

ਦੂਹਰੀ ਕਿਰਿਆ ਵਾਲ਼ੇ ਵਾਕ ਨੂੰ ਸਧਾਰਨ ਵਾਕ ਕਿਹਾ ਜਾਂਦਾ ਹੈ।

(ਖ) ਸੰਯੁਕਤ ਵਾਕ ਕਿਸ ਨੂੰ ਕਿਹਾ ਜਾਂਦਾ ਹੈ -

ਜਿਹੜਾ ਵਾਕ ਜੁੜਿਆ ਹੋਵੇ।

ਜਿਹੜਾ ਦੋ ਕਿਰਿਆਵਾਂ ਵਾਲ਼ਾ ਹੋਵੇ ਅਤੇ ਕਿਸੇ ਯੋਜਕ ਦੁਆਰਾ ਜੁੜਿਆ ਹੋਵੇ।

ਜਿਹੜਾ ਵਾਕ ਸੰਯੁਕਤ ਕਿਰਿਆਵਾਂ ਵਾਲ਼ਾ ਹੋਵੇ।

ਜਿਹੜੇ ਵਾਕ ਵਿੱਚ ਦੋ ਸਧਾਰਨ ਵਾਕ ਹੋਣ।

(ਗ) ਮਿਸ਼ਰਤ ਵਾਕ ਕਿਸ ਨੂੰ ਆਖਦੇ ਹਨ -

ਸੰਯੁਕਤ ਵਾਕ ਨੂੰ ਹੀ ਮਿਸ਼ਰਤ ਵਾਕ ਆਖਦੇ ਹਨ।

ਸ਼ਬਦਾਂ ਦੇ ਮਿਸ਼ਰਨ ਨੂੰ ਹੀ ਸੰਯੁਕਤ ਵਾਕ ਆਖਦੇ ਹਨ।

ਜਿਸ ਵਾਕ ਵਿੱਚ ਯੋਜਕ ਲੱਗਿਆ ਹੋਵੇ, ਉਸ ਨੂੰ ਸੰਯੁਕਤ ਵਾਕ ਆਖਦੇ ਹਨ।

ਜਦੋਂ ਵਾਕ ਵਿੱਚ ਇੱਕ ਜਾਂ ਇੱਕ ਤੋਂ ਵੱਧ ਉਪਵਾਕ ਯੋਜਕਾਂ ਨਾਲ਼ ਜੁੜੇ ਹੋਣ।

(ਘ) ਗੁੰਝਲਦਾਰ ਵਾਕ ਕਿਸ ਨੂੰ ਆਖਦੇ ਹਨ।

ਜਿਸ ਵਾਕ ਵਿੱਚ ਇੱਕ ਤੋਂ ਵੱਧ ਕਿਰਿਆਵਾਂ ਹੋਣ।

ਜਿਸ ਵਾਕ ਵਿੱਚ ਇੱਕ ਤੋਂ ਵੱਧ ਉਪ-ਵਾਕ ਹੋਣ।

ਜਿਸ ਵਾਕ ਵਿੱਚ ਪ੍ਰਧਾਨ, ਅਧੀਨ ਤੇ ਸਮਾਨ ਤਿੰਨੇ ਤਰਾਂ ਦੇ ਵਾਕ ਹੋਣ।

ਜਿਸ ਵਾਕ ਵਿੱਚ ਕੇਵਲ ਇੱਕ ਹੀ ਕਿਰਿਆ ਹੋਵੇ।

Scanned by CamScanner

ਪ੍ਰ.8 ਖਾਲੀ ਸਥਾਨ ਭਰੋ –

(ੳ) ਕਾਰਜ ਦੇ ਅਧਾਰ ਤੇ ਵਾਕ ---- ਪ੍ਰਕਾਰ ਦੇ ਹੁੰਦੇ ਹਨ।

(ਅ) ਹਾਂ ਵਾਚਕ ਵਾਕ ਵਿੱਚ ______ ਹਾਂ - ਵਾਚਕ ਹੁੰਦੀ ਹੈ।

(ੲ) ਸਵਾਲ ਪੁੱਛਣ ਵਾਲੇ ਵਾਕ ________ ਵਾਕ ਹੁੰਦੇ ਹਨ।

(ਸ) ਹੈਰਾਨੀ ਭਾਵ ਵਾਲੇ ਵਾਕ ________ ਵਾਕ ਹੁੰਦੇ ਹਨ।

(ਹ) ਜਿਸ ਵਾਕ ਵਿੱਚ ਕਿਸੇ ______ ਦਾ ਪ੍ਰਗਟਾਵਾ ਹੋਵੇ ਉਹ ਇੱਛਿਆ ਸੂਚਕ ਵਾਕ ਹੁੰਦੇ ਹਨ।

ਪ੍ਰ 9. ਹੇਠ ਲਿਖੇ ਵਾਕਾਂ ਨੂੰ ਪਹਿਚਾਣ ਕੇ ਬਣਤਰ ਦੇ ਅਧਾਰ ਤੇ ਉਹਨਾਂ ਦੀਆਂ ਕਿਸਮਾਂ ਲਿਖੋ –

ਅਕਾਸ਼ ਵਿੱਚ ਤਾਰੇ ਚਮਕ ਰਹੇ ਹਨ। ---------

ਰਾਮ ਨੇ ਆਖਿਆ ਅੱਜ ਮੀਂਹ ਨਹੀਂ ਪਵੇਗਾ। --------

ਜਦੋਂ ਦਾ ਉਹ ਇੱਥੋਂ ਗਿਆ ਹੈ ਸੁੱਖ ਸ਼ਾਂਤੀ ਹੋ ਗਈ ਹੈ ਪਰ ਮੈਨੂੰ ਖ਼ਾਸ ਫਰਕ ਨਹੀਂ ਪਿਆ --------

ਜਿਸ ਆਦਮੀ ਨੇ ਕਤਲ ਕੀਤਾ ਸੀ, ਸਾਫ਼ ਬਰੀ ਹੋ ਗਿਆ ----------

ਰਾਧਾ ਨੇ ਗੀਤ ਗਾਇਆ ਤੇ ਲੋਕਾਂ ਨੂੰ ਖ਼ੁਸ਼ ਕੀਤਾ। --------

ਪ੍ਰ 10. ਕਹੇ ਅਨੁਸਾਰ ਵਾਕ ਬਣਾਓ :

(ੳ) ਨਾਂਹ ਵਾਚਕ ------------

(ਅ) ਅਸੀਸ ਵਾਚਕ ------------

(ੲ) ਮਿਸ਼ਰਤ ਵਾਚਕ ------------

(ਸ) ਸੰਯੁਕਤ ਵਾਚਕ ------------

(ਹ) ਪ੍ਰਸ਼ਨ ਵਾਚਕ ------------

Scanned by CamScanner

# ਅਰਥ - ਬੋਧ

ਅਰਥ - ਬੋਧ ਤੋਂ ਭਾਵ ਹੈ ਅਰਥਾਂ ਦੇ ਪੱਖ ਤੋਂ ਸ਼ਬਦਾਂ ਦੀ ਵਿਆਖਿਆ। ਜਦੋਂ ਸ਼ਬਦਾਂ ਨੂੰ ਅਰਥਾਂ ਪੱਖੋਂ ਵਿਚਾਰਿਆ ਜਾਂਦਾ ਹੈ ਤਾਂ ਉਸ ਨੂੰ ਅਰਥ-ਬੋਧ ਕਿਹਾ ਜਾਂਦਾ ਹੈ। ਇਸ ਵਿੱਚ ਹੇਠਾਂ ਦਿੱਤੇ ਅਨੁਸਾਰ ਵਿਆਖਿਆ ਕੀਤੀ ਜਾ ਸਕਦੀ ਹੈ:

(ੳ) ਬਹੁ-ਅਰਥਕ ਸ਼ਬਦ।
(ਅ) ਸਮਾਨਾਰਥਕ ਸ਼ਬਦ।
(ੲ) ਵਿਰੋਧਾਰਥਕ ਸ਼ਬਦ।
(ਸ) ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ।

(ੳ) ਬਹੁ- ਅਰਥਕ ਸ਼ਬਦ – ਉਹ ਸ਼ਬਦ ਜਿਨ੍ਹਾਂ ਦੇ ਵੱਖ-ਵੱਖ ਪ੍ਰਸੰਗ ਵਿੱਚ ਵੱਖ-ਵੱਖ ਅਰਥ ਹੋਣ, ਨੂੰ ਬਹੁ-ਅਰਥਕ ਸ਼ਬਦ ਕਿਹਾ ਜਾਂਦਾ ਹੈ; ਜਿਵੇਂ-

ਤਾਰ – (ਲੋਹੇ ਦੀ ਤਾਰ) ਲੋਹੇ ਦੀ ਤਾਰ ਵਿੱਚ ਕਰੰਟ ਆ ਗਿਆ।
ਤਾਰ – (ਟੈਲੀਗਰਾਮ) ਪੁਰਾਣੇ ਜ਼ਮਾਨੇ ਵਿੱਚ ਤਾਰ ਦੇ ਕੇ ਜਲਦੀ ਸੁਨੇਹਾ ਭੇਜਿਆ ਜਾਂਦਾ ਸੀ।
ਤਾਰ – (ਪਾਰ-ਉਤਾਰਾ) ਗੁਰੂ ਜੀ ਨੇ ਭੁੱਲੀ - ਭਟਕੀ ਜਨਤਾ ਨੂੰ ਤਾਰ ਦਿੱਤਾ।

ਪੰਜਾਬੀ ਭਾਸ਼ਾ ਵਿੱਚ ਬਹੁਤ ਸਾਰੇ ਅਜਿਹੇ ਸ਼ਬਦ ਹਨ; ਜਿਨ੍ਹਾਂ ਨੂੰ ਬਹੁਤ ਸਾਰੇ ਅਰਥਾਂ ਪੱਖੋਂ ਵਿਚਾਰਿਆ ਜਾ ਸਕਦਾ ਹੈ।

(ਅ) ਸਮਾਨਾਰਥਕ ਸ਼ਬਦ – ਅਰਥਾਂ ਦੇ ਪੱਖ ਤੋਂ ਸਮਾਨਤਾ ਰੱਖਣ ਵਾਲ਼ੇ ਸ਼ਬਦਾਂ ਨੂੰ ਸਮਾਨਾਰਥਕ ਸ਼ਬਦ ਕਹਿੰਦੇ ਹਨ। 'ਸਮਾਨਾਰਥਕ' ਸ਼ਬਦ ਦੋ ਸ਼ਬਦਾਂ: ਸਮਾਨ + ਅਰਥਕ ਦੇ ਸੁਮੇਲ ਤੋਂ ਬਣਿਆ ਹੈ। ਵੱਖ-ਵੱਖ ਸ਼ਬਦ ਜਦੋਂ ਇੱਕ ਹੀ ਅਰਥ ਪ੍ਰਗਟ ਕਰਦੇ ਹਨ ਤਾਂ ਸਮਾਨਾਰਥਕ ਸ਼ਬਦ ਕਹਾਉਂਦੇ ਹਨ; ਜਿਵੇਂ –

| | |
|---|---|
| ਪਿਆਰ | ਪ੍ਰੇਮ, ਮੁਹੱਬਤ, ਪ੍ਰੀਤ। |
| ਵਿੱਦਿਆ | ਸਿੱਖਿਆ, ਪੜ੍ਹਾਈ। |
| ਮੰਤਵ | ਉਦੇਸ਼, ਮਕਸਦ, ਮਨੋਰਥ। |

ਸਮਾਨਾਰਥਕ ਸ਼ਬਦ ਵਿਦਿਆਰਥੀਆਂ ਦੇ ਗਿਆਨ ਅਤੇ ਸ਼ਬਦ-ਭੰਡਾਰ ਵਿੱਚ ਵਾਧਾ ਕਰਦੇ ਹਨ। ਆਪਣੇ ਭਾਵਾਂ ਨੂੰ ਪ੍ਰਗਟਾਉਣ ਲਈ ਉਹ ਨੇੜੇ ਦੇ ਅਰਥ ਰੱਖਦੇ ਵੱਖ-ਵੱਖ ਸ਼ਬਦਾਂ ਦਾ ਪ੍ਰਯੋਗ ਕਰ ਸਕਦੇ ਹਨ।

(ੲ) ਵਿਰੋਧਾਰਥਕ ਸ਼ਬਦ - ਕਿਸੇ ਸ਼ਬਦ ਦੇ ਵਿਰੋਧੀ ਭਾਵਾਂ ਜਾਂ ਅਰਥਾਂ ਨੂੰ ਪ੍ਰਗਟ ਕਰਨ ਵਾਲ਼ੇ ਸ਼ਬਦ ਨੂੰ ਵਿਰੋਧਾਰਥਕ ਸ਼ਬਦ ਕਿਹਾ ਜਾਂਦਾ ਹੈ। ਇਹ ਵਿਰੋਧੀ ਜਾਂ ਉਲਟੇ ਲੱਛਣਾਂ ਨੂੰ ਪ੍ਰਗਟ ਕਰਦੇ ਹਨ; ਜਿਵੇਂ-

ਉੱਚਾ – ਨੀਵਾਂ    ਅਰਸ਼ – ਫ਼ਰਸ਼    ਅੱਧਾ — ਪੂਰਾ।

Scanned by CamScanner

ਸ਼ਬਦ ਵਿਰੋਧੀ ਸ਼ਬਦ ਵਾਕ

ਸੁੱਕਾ ------ ---------

ਪਿਆਰ ------- ---------

ਪ੍ਰ: 3. ਹੇਠ ਲਿਖੇ ਸ਼ਬਦਾਂ ਦੇ ਦੋ-ਦੋ ਸਮਾਨਾਰਥਕ ਸ਼ਬਦ ਲਿਖੋ:

| ਸ਼ਬਦ | ਸਮਾਨਾਰਥਕ ਸ਼ਬਦ | ਵਾਕ |
|---|---|---|
| ਘਾਟਾ | ---------- | ------------ |
| ਇਸਤਰੀ | -------- | ------- |
| ਜ਼ਮੀਨ | ------- | ------ |
| ਅਕਾਸ਼ | ------- | --------- |
| ਵਹੁ | ------ | ----------- |

ਪ੍ਰ 4. ਹੇਠ ਲਿਖੇ ਵਾਕਾਂ ਦੀ ਥਾਂ ਢੁਕਵਾਂ ਇੱਕ-ਇੱਕ ਸ਼ਬਦ ਲਿਖੋ:

ਜੋ ਕਿਸੇ ਦੇ ਅਧੀਨ ਹੋਵੇ --------

ਇੱਕ ਰਾਜ ਦੇ ਦੂਜੇ ਰਜ ਵਿੱਚ ਏਲਚੀ --------

ਮੌਤ ਮਗਰੋਂ ਜਾਇਦਾਦ ਸੰਬੰਧੀ ਲਿਖਤ ---------

ਹੱਥਾਂ ਵਿੱਚ ਖੇਡਣ ਵਾਲ਼ਾ -------

ਉਚੱਕਿਆਂ ਦੀ ਟੋਲੀ ---------

ਪ੍ਰ. 5. ਠੀਕ ਉੱਤਰ 'ਤੇ ਸਹੀ ਦਾ ਨਿਸ਼ਾਨ (✓) ਲਗਾਓ ਅਤੇ ਗਲਤ ਤੇ (X) ਲਗਾਓ।

(ੳ) ਸ਼ਬਦ ਭੰਡਾਰ ਨੂੰ ਅਰਥਾਂ ਦੇ ਅਧਾਰ ਤੇ ਘ ਨਵੇਂ ਸ਼ਬਦ ਘੜ ਕੇ ਅਮੀਰ ਨਹੀਂ ਬਣਾਇਆ ਜਾ ਸਕਦਾ। -------

(ਅ) ਜੋ ਸ਼ਬਦ ਇੱਕ ਦੂਜੇ ਦੇ ਉਲਟ ਅਰਥਾਂ ਦਾ ਪ੍ਰਗਟਾਵਾ ਕਰਦੇ ਹਨ ਨੂੰ ਵਿਰੋਧੀ ਸ਼ਬਦ ਕਿਹਾ ਜਾਂਦਾ ਹੈ। -----

(ੲ) ਜਿਨ੍ਹਾਂ ਸ਼ਬਦਾਂ ਦੇ ਅਰਥ ਇੱਕ ਦੂਜੇ ਦੇ ਬਰਾਬਰ ਹੋਣ ਨੂੰ ਸਮਾਨਾਰਥਕ ਸ਼ਬਦ ਕਹਿੰਦੇ ਹਨ। ----

(ਸ) ਸ਼ਬਦਾਂ ਦੇ ਇੱਕ ਤੋਂ ਵੱਧ ਅਰਥ ਨਹੀਂ ਹੋ ਸਕਦੇ। -----

(ਹ) ਪੰਜਾਬੀ ਭਾਸ਼ਾ ਵਿੱਚ ਬਹੁ-ਅਰਥਕ ਸ਼ਬਦਾਂ ਦਾ ਬਹੁਤ ਮਹੱਤਵ ਹੈ। ----

Scanned by CamScanner